ਚੁਣਵਾਂ ਸਾਹਿੱਤ

(ਉਘੇ ਲਿਖਾਰੀਆਂ ਦੇ ਉਘੇ ਲੇਖ)

9-44

ਨੰ: ੩ ਮੁਲ ।)

چنواں ساہت

ਨਵੀਨ ਸਾਹਿਤਯ

ਲਾਹੌਰ

ਨਵੀਨ ਸਾਹਿੱਤ ਦੀਆਂ ਕੁਝ ਪੁਸਤਕਾਂ

(੧) ਜੀਵਨ-ਜਾਚ

ਪਿਆਰ ਦੀ ਮੁਖ਼ਾਲਫ਼ਤ ਦੁਨੀਆ ਕਿਉਂ ਕਰਦੀ ਹੈ? ਮਜ਼ਹਬ ਤੇ ਮਨੁਖ ਕਿਉਂ ਵਖਰੇ ਹੋ ਰਹੇ ਸਹੀ ਹੋਂਦੇ ਹਨ? ਰਸਮਾਂ ਦੇ ਨੁਕਸਾਨਾਂ ਦਾ ਪਤਾ ਹੋਂਦਿਆਂ ਵੀ ਮਨੁਖ ਇਨ੍ਹਾਂ ਨੂੰ ਕਿਉਂ ਨਹੀਂ ਹਟਾਂਦਾ? ਸਾਡੀਆਂ ਸ਼ਾਦੀਆਂ ਕਿਦਾਂ ਹੋਣੀਆਂ ਚਾਹੀਦੀਆਂ ਹਨ? ਇਹੋ ਜਹੇ ਹੋਰ ਕਈ ਸੁਆਲਾਂ ਦਾ ਸੰਖੇਪ ਪਰ ਸਹੀ ਜੁਆਬ ਆਪ ਨੂੰ ਇਸ ਕਿਤਾਬ ਚੋਂ ਮਿਲੇਗਾ।

(੨) ਕਿਰਨਾਂ

26317

ਇਹ ਅਠ ਕਹਾਣੀਆਂ ਦਾ ਸੰਗ੍ਰਹਿ ਸਾਡੇ ਰੋਜ਼ਾਨਾ ਜੀਵਨ ਦੀਆਂ ਝਾਕੀਆਂ ਹਨ। ਪੰਜਾਬੀ ਵਿਚ ਇਹੋ ਜਹੀਆਂ ਕਹਾਣੀਆਂ ਅਜ ਤਕ ਕਦੀ ਨਹੀ ਲਿਖੀਆਂ ਗਈਆਂ। ਨਵੀਨ ਢੰਗ, ਨਵੀਨ ਲੇਖਣੀ, ਨਵੀਨ ਖ਼ਿਆਲ ਆਪ ਦੇ ਜੀਵਨ-ਰੰਗ ਨੂੰ ਨਵੀਨ ਬਣਾ ਦੇਣਗੇ।

(੩) ਚੁਣਵਾਂ ਸਾਹਿੱਤ

ਇਸ ਵਿਚ ਪੰਜਾਬੀ ਬੋਲੀ ਦੇ ਉਘੇ ਲਿਖਾਰੀਆਂ ਦੇ ਉਘੇ ਲੇਖ ਹਨ। ਇਹ ਲੇਖ ਉਹ ਹਨ ਜੋ ਲਿਖਣ ਵਾਲਿਆਂ ਨੂੰ ਵੀ ਆਪਣੇ ਸਭ ਲੇਖਾਂ ਨਾਲੋਂ ਵਧੀਆ ਲਗੇ ਹਨ। ਇਸ ਸੰਗ੍ਰਹਿ ਦੇ ਸ਼ੁਰੂ ਵਿਚ ਦਸਿਆ ਗਿਆ ਹੈ ਕਿ "ਅਜ ਕਲ ਦੇ ਲੇਖ ਕਿਕਣ ਲਿਖੇ ਜਾਂਦੇ ਹਨ?" ਪੰਜਾਬੀ ਜ਼ਬਾਨ ਦੇ ਹਰ ਵਿਦਿਆਰਥੀ ਨੂੰ ਇਹ ਜ਼ਰੂਰ ਪੜ੍ਹਨੇ ਚਾਹੀਦੇ ਹਨ।

(੪) ਝਾਕੀਆਂ

(ਇਕਾਂਗੀ ਨਾਟਕਾਂ ਦਾ ਸੰਗ੍ਰਹਿ)

ਜੀਵਨ-ਸਾਜ਼ ਦੀਆਂ ਉਹ ਸਭ ਤਾਨਾਂ ਤੇ ਧੀਮਾਂ ਰਾਗ ਜੋ ਕਿਸੇ ਵੀ ਨਾਟਕ ਦੇ ਖੇਡਣ ਲਈ ਪ੍ਰੇਰਨਾ ਰਖਦਾ ਹੈ, ਇਸ ਸੰਗ੍ਰਹਿ ਦੇ ਮੂੰਹੋਂ ਸੁਣਿਆ ਜਾਵੇਗਾ। ਤੁਸੀ ਆਪ ਇਨ੍ਹਾਂ ਨਾਟਕਾਂ ਵਿਚ ਪਾਤਰ ਬਣ ਜਾਉਗੇ। ਇਹ ਤਾਂ ਭੁਲ ਹੀ ਜਾਉਗੇ ਕਿ ਤੁਸੀ ਪੜ੍ਹ ਰਹੇ ਹੋ।

ਨਵੀਨ ਸਾਹਿਤਜ ਸੀਰੀਜ਼, ਨੰ: ੩

ਚੁਣਵਾਂ ਸਾਹਿੱਤ

ਉਘੇ ਲਿਖਾਰੀਆਂ ਦੇ ੫ ਉਘੇ ਲੇਖ

੧. ਪਿੰਡਾਂ ਵਿਚ ਸ੍ਵੈ-ਸੁਧਾਰ
ਸ: ਗੁਰਬਖਸ਼ ਸਿੰਘ

੨. ਆਮ ਵਾਕਫ਼ੀ ਤੇ ਸਭਿਆਚਾਰ ਦਾ ਘਾਟਾ
ਪ੍ਰੋਫੈਸਰ ਤੇਜਾ ਸਿੰਘ

੩. ਚੜ੍ਹਦੀ ਕਲਾ
ਪ੍ਰੋ: ਮੋਹਨ ਸਿੰਘ

੪. ਮਨ ਵਧੇ ਦੀਆਂ ਮਾਰਾਂ
ਪ੍ਰੋ: ਸਾਹਬ ਸਿੰਘ

੫. ਜ਼ਿੰਦਗੀ ਦਾ ਹਸਦਾ ਪਾਸਾ
ਸ: ਗੁਰਬਖਸ਼ ਸਿੰਘ

DYAL SINGH LIBRARY LAHORE

ਨਵੀਨ ਸਾਹਿੱਤ, ਅੰਮ੍ਰਿਤ ਪਾਰਕ, ਲਾਹੌਰ.

26317

ਅਜ ਕਲ ਦੇ ਲੇਖ ਕਿਦਾਂ ਲਿਖੇ ਜਾਂਦੇ ਹਨ

ਕਹਾਣੀ ਸਾਹਿਤ ਦਾ ਬਚਪਨਾਂ ਹੈ, ਕਵਿਤਾ ਸਾਹਿਤ ਦੀ ਜੁਆਨੀ ਤੇ ਪ੍ਰਸਤਾਵ ਸਾਹਿਤ ਦੀ ਸਿਆਣੀ ਉਮਰ ਹੈ । ਕਿਸੇ ਟਾਵੇਂ ਆਦਮੀ ਨੇ ਹੀ ਆਪਨੀ ਪੈਂਤੀ ਚਾਲ੍ਹੀ ਸਾਲ ਦੀ ਉਮਰ ਤੋਂ ਪਹਿਲੋਂ ਕੋਈ ਮਾਹਰਕੇ ਦਾ ਪ੍ਰਸਤਾਵ ਲਿਖਿਆ ਹੋਵੇ? ਚੰਗੀ ਕਹਾਣੀ ਤੇ ਚੰਗੀ ਕਵਿਤਾ ਅਲ੍ਹੜ ਜਾਂ ਯੁਵਕ-ਅਵਸਥਾ ਵਿਚ ਵੀ ਲਿਖੀ ਜਾਂਦੀ ਹੈ । ਸਿਆਣੀ ਉਮਰ ਵਿਚ ਲਿਖੀ ਗਈ ਕਹਾਣੀ ਤੇ ਕਵਿਤਾ ਵੀ ਪ੍ਰਸਤਾਵਕ ਜਹੀ ਗੰਭੀਰ ਹੋਂਦੀ ਹੈ ।

ਪੜ੍ਹਨਾ ਮਨੁਖ ਬਣਾਂਦਾ ਹੈ, ਵਾਰਤਾਲਾਪ ਇਕ ਤਿਆਰ ਮਨੁਖ ਤੇ ਲਿਖਣਾ ਪੂਰਨ ਮਨੁਖ—ਇਕ ਪਿਛਲੇ ਸਾਲ ਦੇ ਚੁਣਵੇਂ ਲੇਖਾਂ ਦਾ ਇਹ ਸੰਗ੍ਰਹਿ ਸਾਹਿਤ-ਪਿਆਰਿਆਂ ਦੀ ਭੇਟਾ ਹੈ । ਇਹ ਸੰਗ੍ਰਹਿ ਅਸੀ ਆਪਨੀ ਨਾਵੀਂ ਸੀਰੀਜ਼ ਵਿਚ ਦੇਣਾ ਸੀ, ਪਰ ਮੇਰੇ ਕੁਝ ਮਿਤ੍ਰਾਂ ਦੇ ਆਖਣ ਤੇ ਹੁਣੇ ਹੀ ਦਿਤਾ ਜਾ ਰਿਹਾ ਹੈ, ਤਾਂ ਜੇ ਇਸ ਸਾਲ ਦੇ ਇਮਤਿਹਾਨਾਂ ਦੇ ਵਿਦਿਆਰਥੀਆਂ ਦੇ ਵੀ ਕੰਮ ਆ ਸਕੇ । ਇਸੇ ਲਈ ਇਹ ਪਹਿਲੇ ਕੁਝ ਸਫ਼ੇ ਅਸੀ ਪ੍ਰਸਤਾਵ ਲਿਖਣ ਦੇ ਢੰਗ ਤੇ ਦੇ ਰਹੇ ਹਾਂ :—

ਪ੍ਰਸਤਾਵ ਲਿਖਣ ਲਈ ਸਭ ਤੋਂ ਜ਼ਰੂਰੀ ਸ਼ੈ ਹੈ "ਸਿਆਣੀ ਪੜ੍ਹਾਈ।" ਜੋ ਕੁਝ ਵੀ ਤੁਸੀ ਪੜ੍ਹੋ, ਉਸ ਦੀ ਹਰ ਨਵੀਂ ਗਲ ਦੇ ਨੋਟ ਰਖੋ ਤੇ ਉਨ੍ਹਾਂ ਨੋਟਾਂ ਦੇ ਆਧਾਰ ਤੇ ਆਪਣੇ ਪ੍ਰਸਤਾਵ ਲਿਖੋ । ਪ੍ਰਸਤਾਵ ਸ਼ੁਰੂ ਕਰਨ ਤੋਂ ਪਹਿਲੋਂ ਘਟੋ-ਘਟ ਦਸ ਮਿੰਟ ਸੋਚੋ ਕਿ ਤੁਹਾਨੂੰ ਇਸ ਵਿਸ਼ੇ ਤੇ ਕੀ ਕੀ ਪਤਾ ਹੈ, ਉਸ ਸਾਰੀ ਚੇਤਾਵਨੀ ਦਾ ਖਾਕਾ ਬਣਾ ਲਵੋ, ਫਿਰ ਇਸ ਖ਼ਾਕੇ ਦੀ ਢਲਾਨ ਬਣਾ ਕੇ ਪ੍ਰਸਤਾਵ ਨੂੰ ਸ਼ੁਰੂ ਕਰੋ ਤੇ ਜੇ ਕੋਈ ਨਵਾਂ ਖ਼ਿਆਲ ਲਿਖਦਿਆਂ ਸੁਝ ਜਾਵੇ ਤਾਂ ਉਹ ਵੀ ਆਪਣੇ ਖਾਕੇ ਵਿਚ ਲਿਖ ਲਵੋ, ਕਿਉਂ ਜੇ ਲਿਖਦਿਆਂ ਲਿਖਦਿਆਂ ਖ਼ਿਆਲ ਉਜਾੜੇ ਪੈ ਜਾਂਦੇ ਰਨ ।

ਪ੍ਰਸਤਾਵ ਦਾ ਮੁਢ

"ਚੰਗਾ ਆਰੰਭ ਅਧਾ ਕੰਮ ਹੋ ਜਾਣ ਦੇ ਬਰਾਬਰ ਹੈ।" ਪ੍ਰਸਤਾਵ ਦੇ ਸ਼ੁਰੂ ਵਿਚ ਇਹੋ ਜਹੇ ਲਫ਼ਜ਼ ਲਿਖੋ ਕਿ ਪੜ੍ਹਨ ਵਾਲੇ ਨੂੰ ਤੁਹਾਡੀ ਕਲਮ ਦੀ ਗੰਭੀਰਤਾ ਸਹੀ ਹੋ ਜਾਵੇ. ਉਹ ਸਮਝ ਜਾਵੇ ਕਿ ਤੁਸੀ ਕੁਝ ਜਾਣਦੇ ਹੋ ਤੇ ਉਸ ਨੂੰ ਅਗੋਂ ਪੜ੍ਹਨ ਲਈ ਧੂਹ ਵੀ ਪਵੇ। ਜਿਹੜਾ ਲੇਖ ਪੜ੍ਹਨ ਲਈ ਮਜਬੂਰ ਕਰ ਦੇਵੇ, ਉਹ ਕਾਮਜਾਬ ਲੇਖ ਹੈ। ਸ਼ੁਰੂ ਕਰਨ ਵੇਲੇ ਜੇ ਕਿਸੇ ਉਘੇ ਲਿਖਾਰੀ, ਕਿਸੇ ਹੋਰ ਜ਼ਬਾਨ ਦੇ ਤਰਜਮੇ ਨੂੰ ਪੁਠਿਆਂ ਕਾਮਿਆਂ ਵਿਚ ਦਿਤਾ ਜਾਵੇ ਤਾਂ ਬਹੁਤ ਚੰਗਾ ਹੁੰਦਾ ਹੈ।

ਪ੍ਰਸਤਾਵ ਦੀ ਉਸਾਰੀ

(੧) ਜਦ ਅਸੀ ਸਾਹਿਤ ਵਲ ਪਾਸਾ ਪਲਟਦੇ ਹਾਂ, ਤਾਂ ਸਾਨੂੰ ਪਤਾ ਲਗਦਾ ਹੈ ਕਿ ਦੁਨੀਆਂ ਦੇ ਫ਼ਲਾਸਫ਼ਰਾਂ ਤੇ ਲਿਖਾਰੀਆਂ ਨੇ ਹਰ ਵਿਸ਼ੇ ਤੇ ਪੂਰੀ ਸਜਾਵਟ ਕੀਤੀ ਹੋਈ ਹੈ ਤੇ ਇਤਨਾ ਵਿਸਥਾਰ ਨਾਲ ਲਿਖਿਆ ਹੋਇਆ ਹੈ ਕਿ ਕਈ ਵਾਰੀ ਸਾਡੇ ਚਿਤ ਚੇਤੇ ਵਿਚ ਵੀ ਨਹੀਂ ਆਉਂਦਾ। ਅਸੀ ਉਨ੍ਹਾਂ ਦੇ ਹਵਾਲਿਆਂ ਨਾਲ ਆਪਣੇ ਲੇਖਾਂ ਵਿਚ ਸਜਾਵਟ ਤੇ ਸ਼ਾਨ ਬਣਾ ਸਕਦੇ ਹਾਂ। ਪਰ ਇਕ ਈਮਾਨਦਾਰੀ ਜ਼ਰੂਰ ਰਖੀਏ ਕਿ ਜਿਸ ਕਿਸੇ ਦੀ ਲਿਖਤ ਦਾ ਹਵਾਲਾ ਦਿਤਾ ਜਾਵੇ, ਉਸ ਦਾ ਨਾਮ ਜ਼ਰੂਰ ਦਿਤਾ ਜਾਵੇ ਤੇ ਜੇ ਯਾਦ ਨਾ ਹੋਵੇ ਤਾਂ ਉਸ ਨੂੰ ਪੁਠੇ ਕਾਮਿਆਂ ਵਿਚ ਲਿਖਿਆ ਜਾਵੇ। ਬਹੁਤ ਜ਼ਿਆਦਾ ਗਹਿਣੇ ਵੀ ਤੀਵੀਂ ਨੂੰ ਜਟਕਾ ਬਣਾ ਦੇਂਦੇ ਹਨ, ਸੋ ਹਵਾਲਿਆਂ ਦੀ ਭਰਮਾਰ ਵੀ ਪ੍ਰਸਤਾਵ ਨੂੰ ਖ਼ਰਾਬ ਕਰ ਦੇਂਦੀ ਹੈ।

(੨) ਪ੍ਰਮਾਤਮਾ ਨੇ ਦੁਨੀਆਂ ਤੇ ਹੁਸੀਨ ਸ਼ੈਆਂ ਦੀ ਤਾਣੀ ਤਣੀ—ਪਿਆਰ, ਹੁਸਨ, ਕੁਦਰਤ, ਰਾਗ, ਪਰ ਇਹ ਚੀਜ਼ਾਂ ਕੁਝ ਵੀ ਨਾ ਹੋਣ, ਜੇ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

EVACUEE TRUST PROPERTY BOARD

WCP

WORLD CENTRE FOR PUNJABI

World Centre for Punjabi, Lahore, Pakistan.